# ਯੂਨਾਨੀ ਦਰਸ਼ਨ

• ਡਾ. ਸੁਖਦੇਵ, ਸੰਤ ਨਗਰ

**ਪਿਛਲੇ** ਲੇਖ ਵਿੱਚ ਅਸੀਂ ਪੁਰਾਤਨ ਦਵੰਦਵਾਦ ਬਾਰੇ ਗੱਲ ਕੀਤੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਭਾਰਤੀ ਦਰਸ਼ਨ ਦੀ ਗੱਲ ਨੂੰ ਅੱਗੇ ਤੋਰੀਏ, ਯੂਨਾਨੀ ਦਰਸ਼ਨ ਦੀ ਸੰਖੇਪ ਜਿਹੀ ਜਾਣਕਾਰੀ ਬਹੁਤ ਜ਼ਰੂਰੀ ਹੈ। ਕਿਉਂਕਿ ਭਾਰਤ ਵਿੱਚ, ਦਰਸ਼ਨ ਦੇ ਬਾਅਦ ਵਾਲ਼ੇ ਦੌਰ ਵਿੱਚ, ਯੂਨਾਨੀ ਦਰਸ਼ਨ ਦਾ ਕਾਫ਼ੀ ਅਸਰ ਦੇਖਣ ਨੂੰ ਮਿਲ਼ਦਾ ਹੈ। ਯੂਨਾਨੀ ਦਰਸ਼ਨ ਵਰਗੇ ਵਿਸ਼ਾਲ ਵਿਸ਼ੇ ਨੂੰ ਇੱਕ ਲੇਖ ਵਿੱਚ ਸਮੇਟਿਆ ਜਾ ਸਕਣਾ ਸੰਭਵ ਨਹੀਂ। ਇਸ ਲਈ ਅਸੀਂ ਮਹਾਨ ਦਾਰਸ਼ਨਿਕ ਰਾਹੁਲ ਸਾਂਕ੍ਰਤਾਇਨ ਦੀ ਪੁਸਤਕ 'ਦਰਸ਼ਨ ਦਿਗ-ਦਰਸ਼ਨ' ਵਿੱਚ ਦਿੱਤੀ ਜਾਣਕਾਰੀ ਦੇ ਅਧਾਰ 'ਤੇ ਯੂਨਾਨੀ ਦਰਸ਼ਨ ਦੇ ਮੁੱਖ ਰੁਝਾਨਾਂ ਦੀ ਸੰਖੇਪ ਜਿਹੀ ਜਾਣਕਾਰੀ ਇਸ ਲੇਖ ਵਿੱਚ ਦੇ ਰਹੇ ਹਾਂ।

ਇਹ ਸੰਭਵ ਨਹੀਂ ਸੀ ਕਿ ਦੁਨੀਆਂ ਦੀਆਂ ਦੋ ਮਹਾਨ ਸੱਭਿਅਤਾਵਾਂ, ਜਿਨ੍ਹਾਂ ਵਿੱਚ ਵਪਾਰਕ ਲੈਣ-ਦੇਣ ਵੀ ਮੌਜੂਦ ਸੀ, ਦਰਸ਼ਨ ਦੇ ਖੇਤਰ ਵਿੱਚ ਇੱਕ-ਦੂਜੇ ਤੋਂ ਅਛੂਤੀਆਂ ਰਹਿੰਦੀਆਂ। ਦਰਸ਼ਨ ਦੇ ਇਤਿਹਾਸ ਵਿੱਚ ਅਸੀਂ ਵੇਖਦੇ ਹਾਂ ਕਿ ਧਰਮ ਦੇ ਸੌੜੇ ਖੇਤਰੀ ਚਰਿਤਰ ਦੇ ਮੁਕਾਬਲੇ ਦਰਸ਼ਨ ਵਿੱਚ ਕੌਮਾਂਤਰੀ ਰੁਝਾਨ ਸ਼ੁਰੂ ਤੋਂ ਹੀ ਮੌਜੂਦ ਰਿਹਾ ਹੈ। ਸਹੀ ਗੱਲ ਤਾਂ ਇਹ ਹੈ ਕਿ ਦਰਸ਼ਨ ਨੂੰ ਕੌਮੀ ਜਾਂ ਖੇਤਰੀ ਸ਼੍ਰੇਣੀਆਂ ਵਿੱਚ ਵੰਡਣਾ ਹੀ ਗਲਤ ਹੈ। ਸਮਝਣ ਦੀ ਸਹੂਲਤ ਲਈ ਅਸੀਂ ਯੂਨਾਨੀ ਦਰਸ਼ਨ, ਭਾਰਤੀ ਦਰਸ਼ਨ ਜਾਂ ਇਸਲਾਮੀ ਦਰਸ਼ਨ ਵਰਗੇ ਸ਼ਬਦ ਵਰਤਦੇ ਹਾਂ। ਡੂੰਘਾਈ ਵਿੱਚ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਵੱਖ-ਵੱਖ ਖੇਤਰਾਂ ਦੇ ਦਾਰਸ਼ਨਿਕ, ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਰਹੇ ਹਨ। ਕਿਸੇ ਇੱਕ ਖੇਤਰ ਵਿੱਚ ਕਿਸੇ ਸਮੇਂ ਵੱਧ ਜਾਂ ਘੱਟ ਸਰਗਰਮੀ ਹੋ ਸਕਦੀ ਹੈ, ਪਰ ਇੱਕ ਖੇਤਰ ਦੀ ਦਾਰਸ਼ਨਿਕ ਸਰਗਰਮੀ ਉੱਤੇ ਹੋਰ ਖੇਤਰਾਂ ਵਿੱਚ ਹੋ ਰਹੇ ਦਾਰਸ਼ਨਿਕ ਪ੍ਰਯੋਗਾਂ ਦਾ ਅਸਰ ਨਾ ਹੋਵੇ, ਦਰਸ਼ਨ ਸ਼ਾਸਤਰ ਦੇ ਗੰਭੀਰ ਵਿਦਿਆਰਥੀਆਂ ਨੂੰ ਇਹ ਚੀਜ਼ ਕਿਤੇ ਵੀ ਨਜ਼ਰ ਨਹੀਂ ਆਉਂਦੀ।

ਹਰੇਕ ਦਰਸ਼ਨ ਆਪਣੇ ਸਮੇਂ ਦੀਆਂ ਬਾਹਰਮੁਖੀ ਪਦਾਰਥਕ ਹਾਲਤਾਂ ਦੀ ਪੈਦਾਵਾਰ ਹੁੰਦਾ ਹੈ। ਮਾਰਕਸ ਅਨੁਸਾਰ, "ਕਿਉਂਕਿ ਹਰ ਸੱਚਾ ਦਰਸ਼ਨ ਆਪਣੇ ਸਮੇਂ ਦਾ ਬੌਧਿਕ ਸਾਰ ਹੁੰਦਾ ਹੈ, ਇਸ ਲਈ ਉਹ ਸਮਾਂ ਆਉਣਾ ਜ਼ਰੂਰੀ ਹੈ ਜਦੋਂ ਦਰਸ਼ਨ ਕੇਵਲ ਅੰਦਰੂਨੀ ਤੌਰ 'ਤੇ ਆਪਣੀ ਵਸਤੂ ਦੁਆਰਾ ਹੀ ਨਹੀਂ, ਸਗੋਂ ਬਾਹਰੀ ਤੌਰ 'ਤੇ ਆਪਣੇ ਰੂਪ ਰਾਹੀਂ ਵੀ ਆਪਣੇ ਯੁੱਗ ਦੇ ਯਥਾਰਥਕ ਸੰਸਾਰ ਨਾਲ਼ ਸੰਪਰਕ ਅਤੇ ਪਰਸਪਰ ਪ੍ਰਭਾਵ ਵਿੱਚ ਆਉਂਦਾ ਹੈ।" ਅੱਗੇ ਮਾਰਕਸ ਲਿਖਦੇ ਹਨ, "ਪਰ ਦਰਸ਼ਨ ਧਾਰਮਿਕ ਤੇ ਦਾਰਸ਼ਨਿਕ ਮਾਮਲਿਆਂ ਬਾਰੇ ਉਸ ਤੋਂ ਵੱਖਰੇ ਤਰੀਕੇ ਨਾਲ਼ ਚਰਚਾ ਕਰਦਾ ਹੈ; ਤੁਸੀਂ ਭਾਵਾਂ ਨੂੰ ਟੁੰਬਦੇ ਹੋ, ਇਹ ਤਰਕ ਸ਼ਕਤੀ ਨੂੰ ਟੁੰਬਦਾ ਹੈ; ਤੁਸੀਂ ਬਦ-ਅਸੀਸ ਦਿੰਦੇ ਹੋ, ਇਹ ਸਿੱਖਿਆ ਦਿੰਦਾ ਹੈ; ਤੁਸੀਂ ਲੋਕ-ਪ੍ਰਲੋਕ ਦੇ ਇਕਰਾਰ ਕਰਦੇ ਹੋ, ਇਹ ਸੱਚ ਤੋਂ ਬਿਨਾਂ ਹੋਰ ਕੋਈ ਇਕਰਾਰ ਨਹੀਂ ਕਰਦਾ; ਤੁਸੀਂ ਆਪਣੇ ਵਿਸ਼ਵਾਸ਼ਾਂ ਵਿੱਚ ਵਿਸ਼ਵਾਸ ਦੀ ਮੰਗ ਕਰਦੇ ਹੋ, ਇਹ ਸਿੱਟਿਆਂ ਵਿੱਚ ਵਿਸ਼ਵਾਸ ਦੀ ਨਹੀਂ ਸਗੋਂ ਸ਼ੰਕਿਆਂ ਦੀ ਪਰਖ ਕਰਨ ਦੀ ਮੰਗ ਕਰਦਾ ਹੈ; ਤੁਸੀਂ ਡਰਾਉਂਦੇ ਹੋ, ਇਹ ਸ਼ਾਂਤੀ ਦੇਂਦਾ ਹੈ। ਸੱਚ ਤਾਂ ਇਹ ਹੈ ਕਿ ਦਰਸ਼ਨ ਕੋਲ਼ ਇਹ ਪੱਕਾ ਕਰਨ ਲਈ ਸੰਸਾਰ ਦਾ ਚੋਖਾ ਗਿਆਨ ਹੈ ਕਿ ਇਸ ਦੇ ਸਿੱਟੇ ਦੈਵੀ ਸੰਸਾਰ ਦੀ ਅਨੰਦ ਅਭਿਲਾਖਾ ਅਤੇ ਹਉਮੈਵਾਦ ਨੂੰ ਝੂਠੀ ਆਸ ਨਾ ਬਨ੍ਹਾਉਣ। ਪਰ ਲੋਕਾਈ, ਜੋ ਸੱਚ ਅਤੇ ਗਿਆਨ ਨੂੰ ਉਹਨਾਂ ਦੀ ਆਪਣੀ ਖਾਤਰ ਪਿਆਰ ਕਰਦੀ ਹੈ, ਭਲੀ-ਭਾਂਤ ਇਸ ਯੋਗ ਹੋਵੇਗੀ ਕਿ ਅਗਿਆਨੀ, ਜੁੱਤੀ-ਚੱਟ, ਅਸਥਿਰ ਅਤੇ ਭ੍ਰਿਸ਼ਟ ਕਲਮ ਘਸੀਟਾਂ ਦੇ ਨਿਰਣੇ ਅਤੇ ਸਦਾਚਾਰ ਖਿਲਾਫ਼ ਇਸ ਦੇ ਨਿਰਣੇ ਅਤੇ ਸਦਾਚਾਰ ਮਾਪ ਸਕੇ।" ('ਧਰਮ', ਮਾਰਕਸ ਏਂਗਲਜ਼, ਸਫਾ 33)

ਅੱਜ ਦੇ ਯੁੱਗ ਦਾ ਸੱਚਾ ਦਰਸ਼ਨ, ਦਵੰਦਵਾਦੀ ਪਦਾਰਥਵਾਦੀ ਦਰਸ਼ਨ ਹੈ। ਦਰਸ਼ਨ ਦੇ ਇਤਿਹਾਸ ਨੂੰ ਸਮਝ ਕੇ ਹੀ, ਦਵੰਦਵਾਦੀ ਪਦਾਰਥਵਾਦੀ ਦਰਸ਼ਨ ਦੇ ਸਾਰ ਨੂੰ ਸਮਝ ਸਕਦੇ ਹਾਂ। ਦਵੰਦਵਾਦੀ ਪਦਾਰਥਵਾਦ, ਦਰਸ਼ਨ ਦੇ ਇਤਿਹਾਸਕ ਵਿਕਾਸ ਦਾ ਅਜੋਕਾ ਪੜਾਅ ਹੈ। ਦਰਸ਼ਨ ਦੇ ਇਤਿਹਾਸ ਦਾ ਅਧਿਐਨ ਕਰਦੇ ਸਮੇਂ, ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ ।

1. ਦਰਸ਼ਨ ਆਪਣੇ ਯੁੱਗ ਦੀਆਂ ਠੋਸ ਹਕੀਕਤਾਂ ਵਿੱਚੋਂ ਪੈਦਾ ਹੁੰਦਾ ਹੈ ।

2. ਇਹ ਕੋਈ ਖੜੋਤ ਮਾਰਿਆ ਵਰਤਾਰਾ ਨਹੀਂ ਸਗੋਂ ਲਗਾਤਾਰ ਵਿਕਾਸ ਵਿੱਚ ਹੀ ਇਸ ਨੂੰ ਸਮਝਿਆ ਜਾ ਸਕਦਾ ਹੈ ।

3. ਠੋਸ ਹਕੀਕੀ ਸੰਸਾਰ, ਜਿਸ ਨੂੰ ਅਸੀਂ ਸੱਭਿਅਕ ਸੰਸਾਰ ਕਹਿੰਦੇ ਹਾਂ (ਮੁੱਢ-ਕਦੀਮੀ ਸਾਮਵਾਦੀ ਕਬਾਇਲੀ ਯੁੱਗ ਤੋਂ ਬਾਅਦ ਦਾ ਸਮਾਂ) ਦੀ ਚਾਲਕ ਸ਼ਕਤੀ ਜਮਾਤੀ ਘੋਲ਼ ਹੈ ਕਿਉਂਕਿ ਸਮਾਜ ਕੰਮ ਕਰਨ ਵਾਲ਼ਿਆਂ ਤੇ ਦੂਜਿਆਂ ਦੀ ਕਿਰਤ ਦੀ ਲੁੱਟ ਵਿੱਚ ਵੰਡਿਆ ਜਾ ਚੁੱਕਾ ਸੀ।

4 ਬੌਧਿਕ ਖੇਤਰ ਜਾਂ ਦਾਰਸ਼ਨਿਕ ਖੇਤਰ ਵਿੱਚ ਵੀ ਤਿੱਖੀ ਵਿਚਾਰਧਾਰਕ ਟੱਕਰ, ਦਰਸ਼ਨ ਦੇ ਵਿਕਾਸ ਦੀ ਚਾਲਕ ਸ਼ਕਤੀ ਹੈ।

ਮਨੁੱਖੀ ਇਤਿਹਾਸ ਵਿੱਚ 700 ਈ. ਪੂ. ਤੋਂ ਬਾਅਦ ਦਾਰਸ਼ਨਿਕ ਸਰਗਰਮੀਆਂ ਜ਼ੋਰ ਫੜਦੀਆਂ ਹਨ। ਭਾਰਤ ਵਿੱਚ ਉਪਨਿਸ਼ਦਾਂ ਤੋਂ ਲੈ ਕੇ ਬੁੱਧ ਤੱਕ, ਯੂਰੋਪ ਵਿੱਚ ਥੇਲਜ਼ ਤੋਂ ਲੈ ਕੇ ਅਰਸਤੂ ਤੱਕ ਦੇ ਦਰਸ਼ਨ ਪੈਦਾ ਹੁੰਦੇ ਹਨ। ਇਹ ਦੋਵੇਂ ਧਾਰਾਵਾਂ ਆਪਸ ਵਿੱਚ ਮਿਲ਼ ਕੇ ਸੰਸਾਰ ਦੀਆਂ ਸਾਰੀਆਂ ਦਾਰਸ਼ਨਿਕ ਧਾਰਾਵਾਂ ਦਾ ਸੋਮਾ ਬਣਦੀਆਂ ਹਨ। ਅੱਗੇ ਜਾ ਕੇ ਇਹਨਾਂ ਦੋਹਾਂ ਧਾਰਾਵਾਂ ਦੇ ਸੁਮੇਲ਼ ਤੋਂ ਪੈਦਾ ਹੋਇਆ, ਨਵ-ਅਫਲਾਤੂਨੀ ਦਰਸ਼ਨ ਵਿਕਸਿਤ ਹੁੰਦਾ ਹੈ।

ਯੂਨਾਨ ਵਪਾਰ ਦਾ ਬਹੁਤ ਵੱਡਾ ਕੇਂਦਰ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਮਿਸਰ, ਬੇਬੀਲੋਨ ਵਗੈਰਾ ਪੁਰਾਣੀਆਂ ਸੱਭਿਅਤਾਵਾਂ ਦਾ ਬੜਾ ਆਦਰ ਮਾਣ ਸੀ।

ਯੂਨਾਨੀ ਸੌਦਾਗਰਾਂ ਨੇ ਕੁਦਰਤ-ਵਿਗਿਆਨ, ਰੇਖਾ-ਗਣਿਤ, ਅੰਕ-ਗਣਿਤ ਅਤੇ ਵੈਦਿਕ ਦੀਆਂ ਬਹੁਤ ਸਾਰੀਆਂ ਗੱਲਾਂ ਇਨ੍ਹਾਂ ਤੋਂ ਸਿੱਖੀਆਂ। ਇਸੇ ਅਧਿਐਨ ਦੇ ਨਤੀਜੇ ਵਜੋਂ ਯੂਨਾਨੀ ਦਰਸ਼ਨ ਦੀ ਸਭ ਤੋਂ ਪੁਰਾਣੀ ਸ਼ਾਖਾ ਆਣਵਿਕ (ionic) ਦਰਸ਼ਨ ਦਾ ਜਨਮ ਹੋਇਆ। ਇਹਨਾਂ ਦੀ ਜਗਿਆਸਾ ਦਾ ਮੂਲ ਮਕਸਦ ਸੀ ਮੂਲ ਤੱਤ

ਦਾ ਪਤਾ ਲਾਉਣਾ।

'ਥੇਲ' (624- 534 ਈ.ਪੂ.) ਅਨੁਸਾਰ ਪਾਣੀ ਹੀ ਪਹਿਲਾ ਤੱਤ ਹੈ।

'ਅਨਕਸੀਮੰਦਰ'(611-546 ਈ.ਪੂ.) ਮੁਤਾਬਕ ਪਦਾਰਥ (ਭੂਤ) ਨੂੰ ਅਸੀਂ ਸਥੂਲ ਰੂਪ ਵਿੱਚ ਵੇਖਦੇ ਹਾਂ। ਇਸ ਦਾ ਮੂਲ ਜ਼ਰੂਰ ਹੀ ਸੂਖਮ ਹੋਣਾ ਚਾਹੀਦਾ ਹੈ। ਇਹਨਾਂ ਮੂਲ ਤੱਤਾਂ ਨੂੰ ਉਸਨੇ 'ਅਨੰਤ' ਅਤੇ 'ਅਨਿਸ਼ਚਿਤ' ਕਿਹਾ। ਇਹਨਾਂ ਹੀ 'ਅਨੰਤ' ਅਤੇ 'ਅਨਿਸ਼ਚਿਤ' ਤੱਤਾਂ ਤੋਂ ਅੱਗ, ਹਵਾ, ਪਾਣੀ, ਮਿੱਟੀ ਆਦਿ ਤੱਤ ਬਣੇ।

'ਅਨਕਸੀਮਨ' (588-524 ਈ. ਪੂ.) ਅਨੁਸਾਰ ਪਾਣੀ ਮੂਲ ਤੱਤ ਹੈ।

ਇਹ ਦਾਰਸ਼ਨਿਕ ਇਹ ਸਵਾਲ ਨਹੀਂ ਉਠਾਉਂਦੇ ਕਿ ਇਨ੍ਹਾਂ ਤੱਤਾਂ ਨੂੰ ਕਿਸ ਨੇ ਬਣਾਇਆ ਹੈ। ਸਵਾਲ ਇਹ ਹੈ ਕਿ ਇਹ ਕਿਵੇਂ ਬਣੇ।

ਰਾਹੁਲ ਅਨੁਸਾਰ, "ਇਨ੍ਹਾਂ ਆਣਵਿਕ ਦਾਰਸ਼ਨਿਕਾਂ ਲਈ ਜੀਵਨ ਮਹਾਂਭੂਤਾਂ ਤੋਂ ਵੱਖ ਚੀਜ਼ ਨਹੀਂ ਸੀ, ਜਿਸ ਲਈ ਇੱਕ ਵੱਖਰੀ ਚਾਲਕ ਚੇਤਨ ਸ਼ਕਤੀ ਦੀ ਜ਼ਰੂਰਤ ਹੋਵੇ। ਗਰਜਦੇ ਬੱਦਲ, ਚਲਦੀਆਂ ਨਦੀਆਂ, ਲਹਿਰਾਉਂਦਾ ਸਮੁੰਦਰ, ਹਿੱਲਦੇ ਦਰੱਖ਼ਤ, ਕੰਬਦੀ ਧਰਤੀ, ਉਨ੍ਹਾਂ ਦੀ ਨਿਰਜੀਵਤਾ ਨੂੰ ਨਹੀਂ, ਸਜੀਵਤਾ ਨੂੰ ਸਾਬਤ ਕਰਦੀ ਹੈ। ਇਸ ਲਈ ਭੂਤਾਂ (ਪਦਾਰਥਾਂ) ਤੋਂ ਪਰੇ ਕਿਸੇ ਅੰਤਰਜਾਮੀ ਨੂੰ ਜਾਨਣ ਦਾ ਸਵਾਲ, ਉਨ੍ਹਾਂ ਨਹੀਂ ਉਠਾਇਆ।"

ਅਗਲਾ ਦੌਰ ਬੁੱਧੀਵਾਦੀਆਂ ਦਾ ਦੌਰ ਹੈ। ਪਾਈਥਾਗੋਰਸ (582-493 ਈ. ਪੂ.) ਬੁੱਧੀਵਾਦੀ ਦੌਰ ਦੇ ਪ੍ਰਸਿੱਧ ਦਾਰਸ਼ਨਿਕ ਸਨ। ਆਣਵਿਕ ਦਾਰਸ਼ਨਿਕ, ਠੋਸ ਧਰਤੀ ਯਾਨੀ ਕਿ ਮਹਾਂਭੂਤਾਂ ਦੇ ਕਿਨਾਰਿਆਂ ਨੂੰ ਨਹੀਂ ਛੱਡਦੇ। ਜਦੋਂਕਿ ਬੁੱਧੀਵਾਦੀ ਕਿਨਾਰਿਆਂ ਨੂੰ ਛੱਡਕੇ ਥੋੜੀ ਉੱਚੀ ਛਾਲ਼ ਮਾਰਨ ਦਾ ਯਤਨ ਕਰਦੇ ਹਨ। ਮਨੁੱਖੀ ਉਡਾਰੀ ਉੱਚਾ ਉਡਣਾ ਲੋਚਦੀ ਹੈ। ਸਮਾਜ ਵਿੱਚ ਉਸਦਾ ਬਾਹਰਮੁਖੀ ਅਧਾਰ ਤਿਆਰ ਹੋਣਾ ਸ਼ੁਰੂ ਹੋ ਗਿਆ ਹੈ। ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ਼ ਕਿਰਤ ਦੀ ਵੰਡ ਅੱਗੇ ਵਧਦੀ ਹੈ। ਜਮਾਤਾਂ ਵਿੱਚ ਵੰਡੇ ਜਾਣ ਵਾਲ਼ੇ ਸਮਾਜ ਦਾ ਭਰੂਣ ਤਿਆਰ ਹੋ ਜਾਂਦਾ ਹੈ। ਪਾਈਥਾਗੋਰਸ ਦਾਰਸ਼ਨਿਕਾਂ ਦੇ ਨਾਲ਼-ਨਾਲ਼ ਇੱਕ ਬਹੁਤ ਵੱਡਾ ਗਣਿਤ ਸ਼ਾਸਤਰੀ ਵੀ ਸੀ। ਕਿਹਾ ਜਾਂਦਾ ਹੈ ਕਿ ਉਹ ਭਾਰਤ ਵੀ ਆਇਆ ਸੀ। ਇਥੋਂ ਦੇ ਪੁਨਰਜਨਮ ਦੇ ਸਿਧਾਂਤ ਅਤੇ ਵਿਗਿਆਨਵਾਦ ਦਾ ਵੀ ਉਸ 'ਤੇ ਅਸਰ ਸੀ। ਮੂਲ ਤੱਤ ਨੂੰ ਲੱਭਦਾ ਹੋਇਆ, ਉਹ ਸਥੂਲ ਨੂੰ ਛੱਡਕੇ ਆਕ੍ਰਿਤੀ ਮਗਰ ਭੱਜਦਾ ਹੈ। ਉਸ ਅਨੁਸਾਰ ਮਹਾਂਭੂਤ ਮੂਲਤੱਤ ਨਹੀਂ ਹਨ, ਨਾ ਹੀ ਉਹਨਾਂ ਦੇ ਸੂਖਮ ਰੂਪ। ਮੂਲ ਤੱਤ ਆਕ੍ਰਿਤੀ ਹੈ। ਉਸਨੇ ਵੀਣਾ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਵੀਣਾ ਦੀ ਤਾਰ ਦੀ ਲੰਬਾਈ ਅਤੇ ਉਸਦੀ ਧੁਨੀ ਦਾ ਖਾਸ ਸਬੰਧ ਹੈ। ਸਰੀਰਿਕ ਸਿਹਤ ਸਬੰਧੀ ਵੀ ਉਸ ਮੁਤਾਬਕ ਇਸਦੀ ਲੰਬਾਈ, ਚੌੜਾਈ ਅਤੇ ਮੋਟਾਈ ਯਾਨੀ ਕਿ ਆਕ੍ਰਿਤੀ 'ਤੇ ਨਿਰਭਰ ਹੈ। ਉਸਦਾ ਮਹਾਂਵਾਕ ਸੀ,"ਸਭ ਚੀਜ਼ਾਂ ਸੰਖਿਆਵਾਂ ਹਨ।" ਕਿਉਂਕਿ ਆਕ੍ਰਿਤੀ ਸੰਖਿਆ ਜਾਂ ਗਿਣਤੀ ਵਿੱਚ ਪ੍ਰਗਟ ਕੀਤੀ ਜਾ ਸਕਦੀ ਹੈ। ਸਾਡੇ ਇੱਥੋਂ ਦੇ ਸ਼ਬਦ ਬ੍ਰਹਮ ਵਾਂਗ, ਪਾਈਥਾਗੋਰਸ ਦਾ 'ਸੰਖਿਆ ਬ੍ਰਹਮ' ਪ੍ਰਸਿੱਧ ਹੈ। ਉਸ ਸਮੇਂ ਦੇ ਯੂਨਾਨੀ ਸੰਖਿਆ ਸੰਕੇਤ ਕਈ ਤਰ੍ਹਾਂ ਦੇ ਬਿੰਦੂਆਂ ਨੂੰ, ਖਾਸ ਆਕ੍ਰਿਤੀ ਵਿੱਚ ਰੱਖ ਕੇ ਲਿਖੇ ਜਾਂਦੇ ਸਨ। ਇੱਥੇ ਬ੍ਰਹਮੀ ਲਿੱਪੀ ਵਿੱਚ ਵੀ ਇਹੋ ਤਰੀਕਾ ਸੀ ਜਿਸ ਵਿੱਚ ਪਾਈਆਂ ਦੀ ਸੰਖਿਆ ਵਧਾ ਕੇ, ਸੰਖਿਆ ਸੰਕੇਤ ਲਿਖੇ ਜਾਂਦੇ ਸਨ। ਬਿੰਦੂ ਰੇਖਾਵਾਂ ਬਣਾਉਂਦੇ ਹਨ, ਰੇਖਾਵਾਂ ਤਲ ਨੂੰ ਅਤੇ ਤਲ ਠੋਸ ਪਦਾਰਥ ਨੂੰ। ਯਾਨੀ ਕਿ ਸੰਖਿਆ ਹੀ ਸਭ ਦੀ ਜੜ੍ਹ ਹੈ।

ਇਰਾਨ ਦੇ ਬਾਦਸ਼ਾਹ ਕੋਰੋਸ਼ ਦੇ ਯੂਨਾਨੀ ਪੁਰੀਆਂ 'ਤੇ ਕਬਜ਼ਾ ਕਰਨ ਸਮੇਂ, ਪਾਈਥਾਗੋਰਸ ਦੇ ਬਹੁਤ ਚੇਲੇ ਦੱਖਣੀ ਇਟਲੀ ਦੇ 'ਏਲੀਆ' ਇਲਾਕੇ ਵਿੱਚ ਜਾ ਵਸੇ। ਇੱਥੋਂ ਦੇ ਵਿਦਵਾਨਾਂ ਨੇ ਸ਼ੁੱਧ ਦਾਰਸ਼ਨਿਕ ਪੱਖਾਂ 'ਤੇ ਜ਼ਿਆਦਾ ਜ਼ੋਰ ਦਿੱਤਾ; ਇਹ ਅਦਵੈਤਵਾਦੀ ਸਨ। ਕਸੇਨੋਫੇਨ (573-480 ਈ. ਪੂ.) ਇਸ ਧਾਰਾ ਦਾ ਪ੍ਰਮੁੱਖ ਦਾਰਸ਼ਨਿਕ ਸੀ। ਉਸ ਮੁਤਾਬਕ, "ਸਭ ਇੱਕ ਵਿੱਚ ਹੈ ਅਤੇ ਇੱਕ ਈਸ਼ਵਰ ਹੈ।"

"ਈਸ਼ਵਰ ਜਗਤ ਹੈ, ਉਹ ਸ਼ੁੱਧ (ਕੇਵਲ) ਆਤਮਾ ਨਹੀਂ ਹੈ ਸਗੋਂ ਸਾਰੀ ਜੀਵੰਤ ਕੁਦਰਤ (ਉਹੋ) ਹੈ।"

ਇਹ ਈਸ਼ਵਰ ਅਤੇ ਜਗਤ ਦੀ ਅਭਿਨੰਤਾ ਨੂੰ ਮੰਨਦੇ ਸਨ। ਇਹ ਸਥਿਰਵਾਦੀ ਵੀ ਸਨ। ਇਹਨਾਂ ਅਨੁਸਾਰ ਤਬਦੀਲੀ ਸਿਰਫ਼ ਸਥੂਲ ਦ੍ਰਿਸ਼ਟੀ ਨਾਲ਼ ਹੀ ਨਜ਼ਰ ਆਉਂਦੀ ਹੈ। ਸੂਖਮ ਦ੍ਰਿਸ਼ਟੀ ਨਾਲ਼ ਦੇਖਣ ਨਾਲ਼ ਇਹ ਸਥਿਰ ਤੱਤ ਹੀ ਹਨ।

ਪਰਮੇਨਿਦ (ਲਗਭਗ 540 ਈ.ਪੂ.) ਏਲੀਆ ਦਾ ਦੂਜਾ ਪ੍ਰਸਿੱਧ ਦਾਰਸ਼ਨਿਕ ਸੀ। ਇਸ ਅਨੁਸਾਰ, "ਨਾ ਸੱਤ ਤੋਂ ਅਸੱਤ ਹੋ ਸਕਦਾ ਹੈ ਅਤੇ ਨਾ ਅਸੱਤ ਤੋਂ ਸੱਤ ਹੋ ਸਕਦਾ ਹੈ।" ਇਸ ਤਰ੍ਹਾਂ ਦੇ ਵਿਚਾਰ ਸਾਡੇ ਇੱਥੇ ਵਿਸ਼ੈਸ਼ਿਕ ਦਰਸ਼ਨ ਵਿੱਚ ਵੀ ਮਿਲ਼ਦੇ ਹਨ।

ਪਰਮੇਨਿਦ ਅਨੁਸਾਰ ਜਗਤ ਇੱਕ, ਅਕ੍ਰਿਤ, ਅ-ਵਿਸ਼ਵਾਸੀ ਸੱਤ ਵਸਤੂ ਹੈ। ਗਤੀ ਜਾਂ ਦੂਜੀਆਂ ਤਬਦੀਲੀਆਂ ਜੋ ਸਾਨੂੰ ਨਜ਼ਰ ਆਉਂਦੀਆਂ ਹਨ, ਭਰਮ ਹਨ। ਜੈਨੋ (490 ਈ. ਪੂ.) ਸਥਿਰ ਅਦਵੈਤਵਾਦੀ ਸੀ। ਬਹਿਸ ਵਿੱਚ ਵਾਦ, ਪ੍ਰਤੀਵਾਦ ਅਤੇ ਸੰਵਾਦ ਦਾ ਪ੍ਰਯੋਗ, ਪਹਿਲਾਂ-ਪਹਿਲ ਇਸੇ ਨੇ ਕੀਤਾ ਸੀ। ਭਾਵੇਂ ਇਹ ਸਥਿਰਵਾਦ ਦੀ ਸਿਧੀ ਲਈ ਕੀਤਾ, ਛਿਨਵਾਦ ਲਈ ਨਹੀਂ।

ਏਲੀਆ ਦੇ ਸਾਰੇ ਦਾਰਸ਼ਨਿਕ ਇੰਦਰੀਆਂ ਦੁਆਰਾ ਪ੍ਰਾਪਤ ਪ੍ਰਤੱਖ ਗਿਆਨ ਨੂੰ, ਅਸਲੀ ਗਿਆਨ ਨਹੀਂ ਮੰਨਦੇ ਸਨ। ਉਹਨਾਂ ਮੁਤਾਬਕ ਗਿਆਨ ਇੰਦਰੀਆਂ ਸਿਰਫ਼ ਭਰਮ ਪੈਦਾ ਕਰਦੀਆਂ ਹਨ। ਹਕੀਕਤ ਇੱਕ ਅਦਵੈਤ ਹੈ ਜਿਸ ਤੱਕ ਇੰਦਰੀਆਂ ਦਵਾਰਾ ਨਹੀਂ, ਵਿਗਿਆਨ ਜਾਂ ਚਿੰਤਨ ਦਵਾਰਾ ਪਹੁੰਚਿਆ ਜਾ ਸਕਦਾ ਹੈ। ਇੱਥੇ ਵਰਤੇ ਜਾਣ ਵਾਲ਼ੇ ਸ਼ਬਦ 'ਵਿਗਿਆਨ' ਦਾ ਅਰਥ ਮਨ ਜਾਂ ਵਿਚਾਰ ਹੈ। ਰਾਹੁਲ ਨੇ 'ਕਸੇਨੋਫੇਨ' ਦੇ ਦੇਵਤਿਆਂ ਵਿਰੁੱਧ ਪ੍ਰਸਿੱਧ ਕਥਨ ਦਾ ਹਵਾਲਾ ਦਿੱਤਾ ਹੈ, "ਮਨੁੱਖ ਵਿਸ਼ਵਾਸ਼ ਕਰਦੇ ਹਨ ਕਿ ਦੇਵਤੇ ਉਸੇ ਤਰ੍ਹਾਂ ਹੋਂਦ ਵਿੱਚ ਆਏ ਜਿਸ ਤਰ੍ਹਾਂ ਅਸੀਂ ਅਤੇ ਦੇਵਤਿਆਂ ਕੋਲ਼ ਵੀ ਇੰਦਰੀਆਂ, ਵਾਣੀ ਅਤੇ ਕਾਇਆ (ਸਰੀਰ) ਹੈ, ਪਰ ਜੇ ਬਲਦ ਜਾਂ ਘੋੜਿਆਂ ਕੋਲ਼ ਵੀ ਹੱਥ ਹੁੰਦੇ ਤਾਂ ਬਲਦ ਦੇਵਤਿਆਂ ਨੂੰ ਬਲਦ ਦੀ ਸ਼ਕਲ ਦਾ ਬਣਾਉਂਦੇ; ਘੋੜੇ ਘੋੜੇ ਵਰਗਾ ਬਣਾਉਂਦੇ। ਇਥੋਪੀਆ (ਅਬਸੀਨੀਆ) ਵਾਲ਼ੇ ਆਪਣੇ ਦੇਵਤਿਆਂ ਨੂੰ ਕਾਲ਼ੇ ਤੇ ਚਪਟੀ ਨੱਕ ਵਾਲ਼ਾ ਬਣਾਉਂਦੇ ਅਤੇ ਥਰੇਸ ਵਾਲ਼ੇ ਆਪਣੇ ਦੇਵਤਿਆਂ ਨੂੰ ਸੂਹੇ ਵਾਲ਼ ਅਤੇ ਨੀਲੀਆਂ ਅੱਖਾਂ ਵਾਲ਼ੇ।" ਕਸੇਨੋਫੇਨ ਰੱਬ ਨੂੰ ਸਾਕਾਰ ਮਨੁੱਖ ਵਰਗਾ ਮੰਨਣ ਦੇ ਵਿਰੁੱਧ ਸੀ, ਬਹੁਵਾਦ ਦੇ ਵੀ ਖਿਲਾਫ਼ ਸੀ। ਇੱਕ ਮਹਾਨ ਈਸ਼ਵਰ ਹੈ ਜੋ ਕਾਇਆ ਅਤੇ ਚਿੰਤਨ ਮਨੁੱਖ ਵਰਗਾ ਨਹੀਂ ਹੈ। ਇਹ ਰੱਬ ਅਤੇ ਜਗਤ ਨੂੰ, ਇੱਕਮਿਕ ਮੰਨਦੇ ਸਨ।

ਦਵੈਤਵਾਦ, ਅਦਵੈਤਵਾਦ ਦੇ ਖਿਲਾਫ਼ ਇੱਕ ਧਾਰਾ ਸੀ ਜੋ ਸਥਿਰਵਾਦੀ ਹੁੰਦੇ ਹੋਏ ਵੀ ਤਬਦੀਲੀ ਦੀ ਵਿਆਖਿਆ ਆਪਣੇ ਦਵੈਤਵਾਦ ਨਾਲ਼ ਕਰਦੀ ਸੀ। ਇਹਨਾਂ ਅਨੁਸਾਰ ਮੂਲ ਤੱਤ ਅਨੇਕ, ਸਥਿਰ ਅਤੇ ਸਦੀਵੀ ਹਨ, ਪਰ ਉਹਨਾਂ ਵਿੱਚ ਸੰਯੋਗ-ਵਿਯੋਗ ਚਲਦਾ ਰਹਿੰਦਾ ਹੈ। ਜਿਸ ਕਰਨ ਸਾਨੂੰ ਤਬਦੀਲੀ ਵਿਖਾਈ ਦਿੰਦੀ ਹੈ।

ਹੇਰਕਲਾਈਟਸ (535-475 ਈ.ਪੂ.) ਅਦਵੈਤਵਾਦੀ ਧਾਰਾ ਦੇ ਪ੍ਰਮੁੱਖ ਦਾਰਸ਼ਨਿਕ ਸਨ ਜੋ ਸਥਿਰਵਾਦੀ ਨਹੀਂ ਸਨ। ਉਹ ਲਗਭਗ ਗੌਤਮ ਬੁੱਧ (563-483 ਈ. ਪੂ.) ਦੇ ਸਮਕਾਲੀ ਸਨ। ਇਹ ਵੀ ਬੁੱਧ ਵਾਂਗ, ਛਿਨਵਾਦ ਨੂੰ ਮੰਨਦਾ ਸੀ। ਇਹ ਜਗਤ ਦੀ ਉਤਪਤੀ ਅਤੇ ਪਰਲੋ ਆਦਿ ਨੂੰ ਵੀ ਮੰਨਦਾ ਸੀ। ਇਹਨਾਂ ਅਨੁਸਾਰ, "ਸੰਸਾਰ ਲਗਾਤਾਰ ਬਦਲ ਰਿਹਾ ਹੈ, ਹਰ ਚੀਜ਼ ਦੀਵੇ ਦੀ ਲਾਟ ਵਾਂਗ, ਨਸ਼ਟ ਅਤੇ ਪੈਦਾ ਹੋ ਰਹੀ। ਚੀਜ਼ਾਂ ਵਿੱਚ ਕਿਸੇ ਤਰ੍ਹਾਂ ਦੀ ਅਸਲ ਸਥਿਰਤਾ ਨਹੀਂ ਹੁੰਦੀ। ਸਥਿਰਤਾ ਕੇਵਲ ਭਰਮ ਹੈ ਜੋ ਤਬਦੀਲੀ ਦੀ ਤੇਜ ਗਤੀ ਅਤੇ ਰਲ਼ਦੀ-ਮਿਲ਼ਦੀ ਉਤਪਤੀ ਕਾਰਨ ਹੁੰਦਾ ਹੈ।"

ਰਾਹੁਲ ਅਨੁਸਾਰ ਹੇਰਕਲਾਈਟਸ, ਆਪਣੇ ਆਪ ਵਿੱਚ ਹੀ ਮਹਾਨ ਇਨਕਲਾਬੀ ਦਰਸ਼ਨ ਦਵੰਦਵਾਦੀ (ਛਿਨਕ) ਪਦਾਰਥਵਾਦ (ਮਾਰਕਸਵਾਦੀ ਦਰਸ਼ਨ) ਦਾ ਵਿਧਾਤਾ ਬਣ ਗਿਆ ? ਉਸ ਦੇ ਸਮੇਂ ਵਿਚਾਰ ਅਤੇ ਪਦਾਰਥ ਵਿੱਚੋਂ ਕਿਸੇ ਇੱਕ ਨੂੰ ਪ੍ਰਧਾਨਤਾ ਦੇਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੋਇਆ। ਹੀਗਲ ਨੇ ਵਿਚਾਰ ਨੂੰ ਪ੍ਰਧਾਨਤਾ ਦਿੱਤੀ, ਪਦਾਰਥ ਨੂੰ ਨਹੀਂ। ਉਹ ਲਿਖਦੇ ਹਨ ਕਿ ਹੀਗਲ ..."ਜਗਤ ਤੋਂ ਮਨ ਵੱਲ ਨਾ ਜਾਕੇ, ਮਨ ਤੋ ਜਗਤ ਵੱਲ ਵੱਧਣ ਦਾ ਯਤਨ ਕਰਦੇ ਹੋਏ, ਦਵੰਦਵਾਦ ਨੂੰ ਵਿਗਿਆਨਵਾਦ ਬਣਾਕੇ ਹੀ ਸ਼ੀਸ਼ ਆਸਣ ਕਰਦਾ ਰਿਹਾ। ਮਾਰਕਸ ਨੇ ਉਸਨੂੰ ਇਸ ਸਮੱਸਿਆ ਤੋਂ ਬਚਾਇਆ ਤੇ ਦੋਹਾਂ ਪੈਰਾਂ ਸਿਰ ਠੋਸ ਧਰਤੀ 'ਤੇ ਲਿਆ ਖੜਾ ਕੀਤਾ— ਪਦਾਰਥਕ ਤੱਤ, ਅਸਮਾਨੀ ਵਿਗਿਆਨ (ਮਨ) ਦਾ ਵਿਕਾਸ ਨਹੀਂ ਹੈ, ਸਗੋਂ ਵਿਗਿਆਨ ਹੀ ਪਦਾਰਥ ਦਾ ਉੱਚਾ ਵਿਕਾਸ ਹੈ, ਉਪਰੋਂ ਹੇਠਾਂ ਆਉਣ ਦੀ ਲੋੜ ਨਹੀਂ, ਸਗੋਂ ਹੇਠੋਂ ਉੱਪਰ ਜਾਣ ਨਾਲ਼ ਹੀ ਗੱਲ ਜ਼ਿਆਦਾ ਠੀਕ ਰਹਿੰਦੀ ਹੈ।"

ਹੇਰਕਲਾਈਟਸ ਅਨੁਸਾਰ, ਤੁਸੀਂ ਉਸੇ ਨਦੀ ਵਿੱਚ ਦੋ ਵਾਰ ਨਹੀਂ ਵੜ ਸਕਦੇ, ਕਿਉਂਕਿ ਹੋਰ ਅਤੇ ਹੋਰ ਹੀ ਪਾਣੀ ਉਥੇ ਸਦਾ ਵਹਿ ਰਿਹਾ ਹੈ। ਜਗਤ ਦੀ ਸ਼੍ਰਿਸ਼ਟੀ ਉਸਦਾ ਖਾਤਮਾ ਹੈ ਅਤੇ ਉਸ ਦਾ ਖਾਤਮਾ ਉਸ ਦੀ ਸ਼੍ਰਿਸਟੀ ਹੈ। ਕੋਈ ਚੀਜ਼ ਨਹੀਂ ਜਿਸ ਕੋਲ਼ ਸਥਾਈ ਗੁਣ ਹੋਣ। ਤਬਦੀਲੀ ਦੇ ਅੱਟਲ ਨਿਯਮ ਬਾਰੇ ਉਹਨਾਂ ਦੇ ਵਿਚਾਰ ਹਨ, "ਇਹ ਇੱਕ ਐਸਾ ਨਿਯਮ ਹੈ ਜਿਸਨੂੰ ਨਾ ਦੇਵਤਿਆਂ ਨੇ ਬਣਾਇਆ, ਨਾ ਮਨੁੱਖ ਨੇ, ਇਹ ਸਦਾ ਤੋ ਹੀ ਰਿਹਾ ਅਤੇ ਰਹੇਗਾ, ਇਹ ਸਦਾ ਜਿਉਂਦੀ ਜਾਗਦੀ ਅੱਗ (ਬਣਕੇ) ਇੱਕ ਨਿਸ਼ਚਿਤ ਮਾਨ ਅਨੁਸਾਰ ਜਗਦਾ ਹੈ ਅਤੇ ਨਿਸ਼ਚਿਤ ਮਾਨ ਅਨੁਸਾਰ ਬੁਝਦਾ ਹੈ।" ਨਿਸ਼ਚਿਤ ਮਾਨ 'ਤੇ ਉਸ ਦਾ ਬੁੱਧ ਵਾਂਗ ਹੀ ਬਹੁਤ ਜ਼ੋਰ ਸੀ। ਦਵੈਤਵਾਦ ਧਾਰਾ ਦੇ ਹੋਰ ਪ੍ਰਸਿੱਧ ਵਿਦਵਾਨ ਸਨ, ਅਨਕਸਾਗੋਰ (500-428 ਈ. ਪੂ), ਐਂਪਦੋਕਲ (495-435 ਈ. ਪੂ.) ਅਤੇ ਡੈਮੋਕਰਾਈਟਸ (460-370 ਈ. ਪੂ.)। ਡੈਮੋਕਰਾਈਟਸ ਦਾ ਮਾਰਕਸ ਨੇ ਵੀ ਬਹੁਤ ਉੱਚ ਮੁਲਾਂਕਣ ਕੀਤਾ ਹੈ। ਡੈਮੋਕਰਾਈਟਸ ਦਵੈਤਵਾਦ ਕਰਕੇ ਨਹੀਂ ਸਗੋਂ ਆਪਣੇ ਪਦਾਰਥਵਾਦ ਕਰਕੇ ਵੀ, ਪੂਰਬੀ ਅਤੇ ਪੱਛਮੀ ਦਰਸ਼ਨਾਂ ਵਿੱਚ, ਬਹੁਤ ਉੱਚੀ ਥਾਂ ਰਖਦਾ ਹੈ। ਭਾਰਤੀ ਦਰਸ਼ਨ ਵਿੱਚ ਪ੍ਰਮਾਣੂਵਾਦ ਦਾ ਦਾਖਲਾ ਯੂਨਾਨੀਆਂ ਦੇ ਸੰਪਰਕ ਤੋਂ ਬਾਅਦ ਹੀ ਹੋਇਆ। ਇਸ ਤੋਂ ਪਹਿਲਾਂ ਦੇ ਭਾਰਤੀ ਦਰਸ਼ਨ ਵਿੱਚ ਇਸ ਦਾ ਕਿਤੇ ਜ਼ਿਕਰ ਨਹੀਂ ਮਿਲ਼ਦਾ। ਵੈਸ਼ੇਸਕ ਦਰਸ਼ਨ, ਪ੍ਰਮਾਣੂਵਾਦ ਦਾ ਭਾਰਤੀ ਸੰਸਕਰਣ ਹੈ।

ਰਾਹੁਲ ਮੁਤਾਬਕ, "200 ਈਸਵੀ ਦੇ ਆਸ-ਪਾਸ, ਜਦੋਂ ਵੈਸ਼ੇਸਕ ਨੇ ਪ੍ਰਮਾਣੂਵਾਦ ਨੂੰ ਅਪਨਾ ਕੇ ਭਾਰਤੀ ਦਰਸ਼ਨ ਵਿੱਚ ਆਪਣਾ ਦਬਦਬਾ ਕਾਇਮ ਕਰਨਾ ਚਾਹਿਆ ਤਾਂ ਉਸ ਤੋਂ ਬਾਅਦ ਕਿਸੇ ਵੀ ਦਰਸ਼ਨ ਨੂੰ, ਉਸਤੋਂ ਬਿਨਾਂ ਰਹਿਣਾ ਮੁਸ਼ਕਲ ਹੋ ਗਿਆ।"

ਡੈਮੋਕਰਾਈਟਸ, ਏਲੀਆਤਿਕਾ ਨਾਲ਼ ਦਵੈਤਵਾਦ ਦੇ ਮਾਮਲੇ 'ਚ ਮੱਤਭੇਦ ਰੱਖਦਾ ਸੀ। ਪਰ ਉਹ ਸਿਰੇ ਦੇ ਪਰਿਵਰਤਨਵਾਦ ਨੂੰ ਵੀ ਨਹੀਂ ਮੰਨਦਾ ਸੀ। ਵਾਸਤਵਿਕਤਾ ਸਦੀਵੀ, ਅਪਰਵਰਤਨਸ਼ੀਲ ਹੈ। ਤਬਦੀਲੀ ਜੋ ਦਿਖਾਈ ਦੇ ਰਹੀ ਹੈ, ਉਹ ਵਸਤੂਆਂ ਦੀ ਨਿਰੰਤਰ ਗਤੀ ਦੇ ਕਾਰਨ ਹੈ। ਵਾਸਤਵਿਕ ਤੱਤ ਇੱਕ ਅਦਵੈਤ ਨਹੀਂ, ਸਗੋਂ ਅਨੇਕ ਦਵੈਤ ਹਨ ਅਤੇ ਮੂਲ ਤੱਤ ਇੱਕ ਦੂਸਰੇ ਤੋਂ ਵੱਖ ਵੱਖ ਹਨ, ਜਿਹਨਾਂ ਵਿੱਚ ਖਾਲੀ ਥਾਂ ਆਕਾਸ਼ ਹੈ। ਅ-ਤੋਮੋਨ ਤੋਂ ਹੀ ਅੰਗ੍ਰੇਜ਼ੀ ਸ਼ਬਦ Atom ਨਿੱਕਲ਼ਿਆ ਹੈ। ਪ੍ਰਮਾਣੂ ਜਾਂ Atom ਅਤਿ ਸੂਖਮ, ਵੰਡਿਆ ਨਾ ਸਕਣ ਵਾਲ਼ਾ ਤੱਤ ਹੈ। ਪਰ ਇਹ ਰੇਖਾ ਗਣਿਤ ਦਾ ਬਿੰਦੂ ਜਾਂ ਸ਼ਕਤੀ ਕੇਂਦਰ ਨਹੀਂ। ਇਸ ਵਿੱਚ ਪਰਿਮਾਣ ਜਾਂ ਵਿਸਤਾਰ ਹੈ। ਗਣਿਤ ਦਵਾਰਾ ਨਹੀਂ, ਸਗੋਂ ਕਾਇਕ (ਸਰੀਰਕ) ਤੌਰ 'ਤੇ ਨਾ ਵੰਡੇ ਜਾਣ ਵਾਲ਼ਾ ਹੈ। ਮਤਲਬ ਪ੍ਰਮਾਣੂ ਦੇ ਅੰਦਰ ਅਕਾਸ਼ ਨਹੀਂ ਹੈ। ਪ੍ਰਮਾਣੂ ਗਤੀ ਰਹਿਤ ਤੱਤ ਨਹੀਂ, ਸਗੋਂ ਉਸ ਵਿੱਚ ਸੁਭਾਵਕ ਗਤੀ ਹੁੰਦੀ ਹੈ। ਪ੍ਰਮਾਣੂ ਲਗਾਤਾਰ ਗਤੀ ਵਿੱਚ ਰਹਿੰਦੇ ਹਨ। ਇਹਨਾਂ ਦੇ ਸੰਯੋਗ ਨਾਲ਼ ਹੀ ਸੰਸਾਰ ਦੇ ਸਾਰੇ ਪਿੰਡ ਬਣਦੇ ਹਨ।

ਜਿਵੇਂ ਪਾਈਥਾਗੋਰਸ ਦੇ ਪੈਰੋਕਾਰਾਂ ਨੇ ਭੱਜ ਕੇ 'ਏਲੀਆ' ਵਿੱਚ ਆਪਣਾ ਕੇਂਦਰ ਬਣਾਇਆ ਸੀ, ਉਸੇ ਤਰ੍ਹਾਂ ਕਈ ਵਿਚਾਰਕਾਂ ਨੇ ਇੱਕ ਥਾਂ ਟਿਕਣ ਦੀ ਬਜਾਏ, ਘੁਮੰਤੂ ਜੀਵਨ ਨੂੰ ਅਪਣਾਇਆ। ਇਹ ਵਿਦਵਾਨ, ਇੱਕ ਬੇਚੈਨ, ਟੁੱਟ ਰਹੇ ਸਮਾਜ ਦੀ ਪੈਦਾਵਾਰ ਸਨ। ਇਸ ਲਈ ਪਰੰਪਰਾਗਤ ਗੱਲਾਂ 'ਤੇ ਘੱਟ ਵਿਸ਼ਵਾਸ ਕਰਦੇ ਸਨ। ਇਹਨਾਂ ਵਿੱਚ ਗਿਆਨ ਦੀ ਬੜੀ ਭੁੱਖ ਸੀ। ਇਹ ਖੁਦ ਗਿਆਨ ਹਾਸਲ ਕਰਦੇ ਅਤੇ ਪ੍ਰਚਾਰ ਕਰਦੇ। ਸਭ ਪਾਸੇ ਇਹਨਾਂ ਦੀਆਂ ਧੁੰਮਾਂ ਸਨ। ਇਹਨਾਂ ਨੇ ਸੱਚ ਦੀ ਖੋਜ ਲਈ ਹਰ ਤਰਾਂ ਦੇ ਬੰਧਨਾਂ ਤੋਂ ਮੁਕਤ ਹੋਣ ਦੀ ਗੱਲ ਲੋਕਾਂ ਨੂੰ ਸਮਝਾਈ। ਇਹਨਾਂ ਨੂੰ ਸੋਫੀ ਜਾਂ ਗਿਆਨੀ ਕਿਹਾ ਜਾਂਦਾ ਸੀ। ਸੋਫੀਆਂ ਦੇ ਜ਼ਮਾਨੇ ਵਿੱਚ ਹੀ 'ਏਨਥਜ਼' ਯੂਨਾਨੀ ਦਰਸ਼ਨ ਦੀ ਪੜ੍ਹਾਈ ਦਾ ਵੱਡਾ ਕੇਂਦਰ ਬਣਿਆ ਜਿਸਨੇ ਸੁਕਰਾਤ, ਅਫਲਾਤੂਨ ਅਤੇ ਅਰਸਤੂ ਵਰਗੇ ਵੱਡੇ ਦਾਰਸ਼ਨਿਕ ਪੈਦਾ ਕੀਤੇ।

ਯਥਾਰਥਵਾਦੀ ਸੁਕਰਾਤ (469 -399 ਈ.ਪੂ.) ਅਨੁਸਾਰ ਸੱਚਾ ਗਿਆਨ ਸੰਭਵ ਹੈ ਬਸ਼ਰਤੇ ਕਿ ਉਸ ਲਈ ਠੀਕ ਤਰੀਕੇ ਨਾਲ਼ ਯਤਨ ਕੀਤਾ ਜਾਏ। ਗਿਆਨ ਤੋਂ ਪਵਿੱਤਰ ਕੋਈ ਚੀਜ਼ ਨਹੀਂ। ਨੌਜਵਾਨਾਂ ਨੂੰ ਵਿਗਾੜਨ, ਦੇਵ ਨਿੰਦਕ ਅਤੇ ਨਾਸਤਕ ਹੋਣ ਦੇ ਦੋਸ਼ ਹੇਠ, ਉਸ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ।

ਵਿਸ਼ਵ ਦਾ ਸੁਭਾਅ ਕੀ ਹੈ ? ਜਗਤ ਕਿਵੇਂ ਹੋਂਦ ਵਿੱਚ ਆਇਆ ? ਨਾਸ਼ਵਾਨ ਜਗਤ ਦੇ ਵੱਖ-ਵੱਖ ਪ੍ਰਗਟਾਵੇ ਕਿਹਨਾਂ ਤਾਕਤਾਂ ਕਾਰਨ ਹੁੰਦੇ ਹਨ ? ਇਹੋ ਜਿਹੇ ਸਵਾਲਾਂ ਨੂੰ ਉਹ ਮੂਰਖਾਂ ਦਾ ਸ਼ੁਗਲ ਕਹਿੰਦਾ ਸੀ।

ਬੁੱਧੀਵਾਦੀ ਅਫਲਾਤੂਨ (427-347 ਈ.ਪੂ.) ਸੁਕਰਾਤ ਦਾ ਚੇਲਾ ਸੀ। ਇਸਨੇ ਪਾਈਥਾਗੋਰਸ, ਹੇਰਕਲਾਈਟਸ ਅਤੇ ਸੁਕਰਾਤ ਤਿੰਨਾਂ ਦੇ ਦਰਸ਼ਨਾਂ ਦਾ ਸੁਮੇਲ਼ ਕਰਨ ਦਾ ਯਤਨ ਕੀਤਾ। ਅਫਲਾਤੂਨ ਦਾ ਦਰਸ਼ਨ ਬੁੱਧੀਵਾਦੀ ਹੈ ਕਿਉਂਕਿ ਉਹ ਗਿਆਨ ਦੇ ਲਈ ਪ੍ਰਤੱਖ ਯਥਾਰਥਵਾਦ (ਇੰਦਰੀਆਂ ਦਵਾਰਾ ਹਾਸਲ) 'ਤੇ ਨਹੀਂ, ਬੁੱਧੀ ਤੇ ਜ਼ੋਰ ਦਿੰਦਾ ਹੈ। ਪ੍ਰਤੱਖ ਸੰਸਾਰ ਤੋਂ ਵੱਖਰਾ, ਵਿਗਿਆਨ ਜਗਤ ਹੀ ਉਸ ਦਾ ਅਸਲੀ ਸੰਸਾਰ ਹੈ। ਬਾਹਰੀ ਸੰਸਾਰ ਨੂੰ ਮੰਨਦਾ ਹੈ ਪਰ ਉਸ ਨੂੰ ਉਹ ਅਸਲੀ ਸੰਸਾਰ ਅਰਥਾਤ ਵਿਗਿਆਨ ਜਗਤ ਦਾ ਬਾਹਰੀ ਪ੍ਰਕਾਸ਼ ਕਹਿੰਦਾ ਹੈ। ਪਦਾਰਥਕ ਤੱਤਾਂ ਅਤੇ ਉਸਤੋਂ ਬਣੀ ਦੁਨੀਆਂ ਨੂੰ ਉਹ ਪ੍ਰਧਾਨ ਨਹੀਂ ਗੌਣ ਮੰਨਦਾ ਹੈ। ਉਹ ਸਮਾਜ ਵਿੱਚ ਤਬਦੀਲੀ ਚਾਹੁੰਦਾ ਸੀ, ਪਰ ਤਬਦੀਲੀ ਠੋਸ ਮੌਜੂਦ ਸਮਾਜ ਨੂੰ ਲੈ ਕੇ ਨਹੀਂ ਸਗੋਂ ਮੂਲ ਸਰੂਪ ਦੇ ਅਧਾਰ 'ਤੇ। ਉਸਦੇ ਪਰਜਾਤੰਤਰ ਦਾ ਮਾਡਲ ਠੋਸ ਦੁਨਿਆਵੀ ਨਹੀਂ ਸੀ ਸਗੋਂ ਕਾਲਪਨਿਕ ਸੀ। ਉਸ ਅਨੁਸਾਰ, "ਮਨੁੱਖ ਜਾਤੀ ਬੁਰਾਈਆਂ ਤੋਂ ਤਦ ਤੱਕ ਨਹੀਂ ਬਚ ਸਕਦੀ, ਜਦ ਤੱਕ ਅਸਲੀ ਦਾਰਸ਼ਨਿਕਾਂ ਦੇ ਹੱਥ ਤਾਕਤ ਨਹੀਂ ਆ ਜਾਂਦੀ ਜਾਂ ਕੋਈ ਯੋਜਨਾ (ਚਮਤਕਾਰ) ਐਸਾ ਨਹੀਂ ਹੁੰਦਾ ਜਿਸ ਵਿੱਚ ਸਿਆਸਤਦਾਨ ਹੀ ਦਾਰਸ਼ਨਿਕ ਬਣ ਜਾਣ।

ਵਸਤੂਵਾਦੀ ਅਰਸਤੂ (384-322 ਈ.ਪੂ.)— ਇਹ ਸਿਕੰਦਰ ਦੇ ਪਿਤਾ, ਮਕਦੂਨੀਆ ਦੇ ਰਾਜਾ ਦੇ ਰਾਜ ਵੈਦ ਨਿਕੋਮਾਚੂ ਦਾ ਪੁੱਤਰ ਸੀ। ਅਫਲਾਤੂਨ ਦਾ ਚੇਲਾ ਅਤੇ ਸਿਕੰਦਰ ਦਾ ਗੁਰੂ ਸੀ। ਸੁਕਰਾਤ ਅਤੇ ਅਫਲਾਤੂਨ ਵਾਂਗ ਹੀ ਗਿਆਨ ਲਈ ਵਿਗਿਆਨ (ਯਾਨਿ ਕਿ ਵਿਚਾਰ) ਦੇ ਮਹੱਤਵ ਨੂੰ ਮੰਨਦਾ ਸੀ। ਪਰ ਉਹ ਬਾਹਰਮੁਖੀ ਪਦਾਰਥਕ ਸੰਸਾਰ ਤੋਂ ਵੱਖ, ਇੱਕੋ-ਇੱਕ ਪ੍ਰਧਾਨ ਜਗਤ ਦੇ ਰੂਪ ਵਿੱਚ, ਵਿਗਿਆਨ ਜਗਤ ਨੂੰ ਮੰਨਣ ਲਈ ਤਿਆਰ ਨਹੀਂ ਸੀ। ਆਣਵਿਕ ਦਾਰਸ਼ਨਿਕ ਸਿਰਫ਼ ਪਦਾਰਥਕ ਪੱਖ 'ਤੇ ਜ਼ੋਰ ਦਿੰਦੇ ਸਨ। ਪਰ ਅਰਸਤੂ ਸਮਝਦਾ ਸੀ ਕਿ ਮੂਲ ਸਰੂਪ, ਪਦਾਰਥਕ ਤੱਤਾਂ ਵਿੱਚ ਮੌਜੂਦ ਹੈ ਅਤੇ ਪਦਾਰਥਕ ਤੱਤ, ਮੂਲ ਸਰੂਪ ਵਿੱਚ। ਦੋਹਾਂ ਨੂੰ ਵੱਖ ਸਮਝਿਆ ਜਾ ਸਕਦਾ ਹੈ ਪਰ ਵੱਖ ਨਹੀਂ ਕੀਤਾ ਜਾ ਸਕਦਾ। ਅਰਸਤੂ ਗਣਿਤ ਸ਼ਾਸਤਰੀ ਅਤੇ ਪ੍ਰਾਣੀ ਵਿਗਿਆਨੀ ਵੀ ਸੀ। ਵਿਗਿਆਨ ਅਤੇ ਪਦਾਰਥ, ਸਥਿਰਤਾ (ਏਲੀਆਤਿਕ) ਅਤੇ ਪਰਵਰਤਨਸ਼ੀਲਤਾ (ਹੇਰਕਲਾਈਟਸ) ਦਾ ਉਹ ਤਾਲਮੇਲ ਬਿਠਾਉਣ ਚਾਹੁੰਦਾ ਸੀ।

ਅਰਸਤੂ ਦਾ ਕਹਿਣਾ ਸੀ ਕਿ ਗਿਆਨ ਪ੍ਰਾਪਤੀ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਬੁੱਧੀ ਤੋਂ ਜ਼ਿਆਦਾ ਆਪਣੀਆਂ ਇੰਦਰੀਆਂ 'ਤੇ ਵਿਸ਼ਵਾਸ ਕਰੀਏ ਅਤੇ ਆਪਣੀ ਬੁੱਧੀ 'ਤੇ ਉਦੋਂ ਹੀ ਵਿਸ਼ਵਾਸ ਕਰੀਏ ਜਦੋਂ ਉਸਦੀ ਹਮਾਇਤ ਘਟਨਾਵਾਂ ਕਰਦੀਆਂ ਹੋਣ। ਅਰਸਤੂ ਤਰਕ ਸ਼ਾਸਤਰ ਦੇ ਪਹਿਲੇ ਵਿਦਵਾਨਾਂ ਵਿੱਚੋਂ ਇੱਕ ਸੀ।

ਰਾਹੁਲ ਸਾਂਕ੍ਰਤਾਇਨ ਲਿਖਦੇ ਹਨ ਕਿ 338 ਈ ਪੂ ਵਿੱਚ, ਯੂਨਾਨ ਮਕਦੂਨੀਆ ਹੱਥੋਂ ਹਾਰ ਗਿਆ। ਯੂਨਾਨ ਦੀ ਆਤਮਾ ਹਾਰ ਬੋਧ ਦੇ ਦੌਰ ਵਿੱਚ, ਹੇਰਕਲਾਈਟਸ, ਡੈਮੋਕੋਰਾਈਟਸ, ਅਫਲਾਤੂਨ ਜਾਂ ਅਰਸਤੂ ਵਰਗਾ ਸਜੀਵ ਦਰਸ਼ਨ ਪੈਦਾ ਕਰਨ ਦੀ ਯੋਗਤਾ ਗੁਆ ਚੁੱਕੀ ਸੀ। ਬਿਪਤਾ ਮਾਰੇ ਲੋਕ ਧਰਮ ਜਾਂ ਆਚਾਰ ਸਬੰਧੀ ਸਿੱਖਿਆਵਾਂ ਨਾਲ਼ ਆਪਣੇ ਦੁੱਖਾਂ ਨੂੰ ਘਟਾਉਣਾ ਚਾਹੁੰਦੇ ਸਨ।

ਇਸ ਦੌਰ ਦੇ ਪਦਾਰਥਵਾਦੀ ਦਾਰਸ਼ਨਿਕ 'ਐਪੀਕੁਰੁ' (341-270 ਈ.ਪੂ.) ਕਹਿੰਦੇ ਹਨ ਕਿ ਜੇ ਅਸੀਂ ਆਪਣੀਆਂ ਇੰਦਰੀਆਂ 'ਤੇ ਵਿਸ਼ਵਾਸ ਨਾ ਕਰਾਂਗੇ ਤਾਂ ਅਸੀਂ ਕਿਸੇ ਗਿਆਨ ਨੂੰ ਹਾਸਲ ਨਹੀਂ ਕਰ ਸਕਦੇ। ਇੰਦਰੀਆਂ ਕਈ ਵਾਰ ਗਲਤ ਸੂਚਨਾ ਵੀ ਦੇ ਦਿੰਦੀਆਂ ਹਨ ਪਰ ਉਹਨਾਂ ਗਲਤੀਆਂ ਨੂੰ ਵਾਰ-ਵਾਰ ਪ੍ਰਯੋਗ ਕਰਕੇ ਜਾਂ ਦੂਸਰਿਆਂ ਦੇ ਤਜਰਬੇ ਨਾਲ਼ ਦੂਰ ਕੀਤਾ ਜਾ ਸਕਦਾ ਹੈ।

ਸਤੋਇਕਾਂ ਦਾ ਸ਼ਰੀਰਕ ਬ੍ਰਹਮਵਾਦ— ਏਲੀਆਤਿਕ ਜੇਨੋਂ ਤੋਂ 106 ਸਾਲ ਬਾਅਦ, ਸਤੋਇਕ ਦਰਸ਼ਨ ਦੇ ਵਿਦਵਾਨ ਦੂਸਰੇ ਜੇਨੋ (336-264 ਈ.ਪੂ.) ਸਾਈਪ੍ਰਸ ਵਿੱਚ ਪੈਦਾ ਹੋਏ। ਅਰਸਤੂ ਦਵੈਤਵਾਦੀ ਸੀ, ਵਿਗਿਆਨ ਤੇ ਭੂਤ ਦੋਹਾਂ ਨੂੰ ਮੰਨਦਾ ਸੀ। ਸਤੋਇਕਾਂ ਨੇ ਦਵੈਤਵਾਦ ਵਿੱਚ ਤਬਦੀਲੀ ਕੀਤੀ। ਉਹਨਾਂ ਅਨੁਸਾਰ ਬ੍ਰਹਮ ਅਤੇ ਜਗਤ ਦੋ ਨਹੀਂ ਸਗੋਂ ਜਗਤ ਰੱਬ ਦਾ ਸਜੀਵ ਸਰੀਰ ਹੈ। ਰੱਬ ਸੰਸਾਰ ਦੀ ਆਤਮਾ ਹੈ ਜੀਵਨ ਦੇ ਸਾਰੇ ਬੀਜ ਉਸ ਅੰਦਰ ਮੌਜੂਦ ਹਨ।

ਰਾਹੁਲ ਸਾਂਕ੍ਰਤਾਇਨ ਲਿਖਦੇ ਹਨ, "ਈਸਾਈ ਧਰਮ ਦੇ ਸ਼ੁਰੂਆਤੀ ਪ੍ਰਚਾਰ ਦੇ ਸਮੇਂ, ਉਪਰਲੇ ਵਰਗ ਵਿੱਚ ਸਤੋਇਕਵਾਦ ਦਾ ਬਹੁਤ ਪ੍ਰਚਾਰ ਸੀ, ਪਰ ਏਨੇ ਗੰਭੀਰ ਤਰਕ-ਕੰਟਕ, ਸ਼ਾਖਾ-ਰੱਖਿਅਕ ਦਰਸ਼ਨ ਨੂੰ ਹਟਾ ਕੇ, ਈਸਾਈਅਤ ਦੀਆਂ ਬੱਚਿਆਂ ਦੀਆਂ ਕਹਾਣੀਆਂ, ਆਪਣਾ ਅਧਿਕਾਰ ਜਮਾਉਣ ਵਿੱਚ ਕਿਵੇਂ ਸਫਲ ਹੋਈਆਂ। ਇਸ ਦਾ ਕਾਰਨ ਇਹ ਸੀ ਕਿ ਇਹ ਕਹਾਣੀਆਂ ਧਰਤੀ ਦੇ ਠੋਸ ਪੁੱਤਰਾਂ, ਹੇਠਲੀਆਂ ਜਮਾਤਾਂ ਦੇ ਮਜ਼ਦੂਰਾਂ ਅਤੇ ਗੁਲਾਮਾਂ ਵਿੱਚ ਫੈਲ ਕੇ, ਤਾਕਤ ਬਣ ਕੇ, ਉਹਨਾਂ ਦੇ ਹੱਥਾਂ ਅਤੇ ਦਿਲਾਂ ਨੂੰ ਸੰਘਰਸ਼ ਕਰਨ ਦੇ ਲਈ ਮਜ਼ਬੂਤ ਕਰ ਰਹੀਆਂ ਸਨ। ਜਦਕਿ ਹਵਾ ਵਿੱਚ ਉੱਡਣ ਵਾਲ਼ੇ ਰਾਜਿਆਂ ਅਤੇ ਅਮੀਰਾਂ ਦਾ ਬ੍ਰਹਮ ਦਰਸ਼ਨ, ਗਰੀਬਾਂ ਦੇ ਪਸੀਨੇ ਦੀ ਕਮਾਈ ਨੂੰ ਖਾ ਕੇ, ਮੋਟੇ ਹੋਏ ਉਹਨਾਂ ਦੇ ਸਰੀਰਾਂ ਲਈ, ਲਵਣ -ਭਾਸਕਰ ਦਾ ਕੰਮ ਦੇ ਰਿਹਾ ਸੀ। ਖਿਆਲੀ ਸੰਸਾਰ ਅਤੇ ਅਸਲੀ ਸੰਸਾਰ ਦਾ ਜਿੱਥੇ ਆਪਸ ਵਿੱਚ ਮੁਕਾਬਲਾ ਹੋਵੇ, ਉੱਥੇ ਨਤੀਜਾ ਇਹੋ ਹੀ ਹੁੰਦਾ ਹੈ।"

ਯੂਨਾਨੀ ਦਰਸ਼ਨ ਦਾ ਅਗਲਾ ਦੌਰ ਸੰਦੇਹਵਾਦੀ ਦਰਸ਼ਨ ਦਾ ਹੈ। ਉਹ ਕਹਿੰਦੇ ਹਨ ਕਿ ਅਸੀਂ ਵਸਤੂਆਂ ਦੇ ਸੁਭਾਅ ਨੂੰ ਨਹੀਂ ਜਾਣ ਸਕਦੇ। ਇੰਦਰੀਆਂ ਸਾਨੂੰ ਏਨਾ ਹੀ ਦਸਦੀਆਂ ਹਨ ਕਿ ਚੀਜ਼ਾਂ ਕਿਵੇਂ ਵਿਖਾਈ ਦਿੰਦੀਆਂ ਹਨ, ਅਸਲ ਵਿੱਚ ਉਹ ਕਿਵੇਂ ਦੀਆਂ ਹਨ ਇਹ ਜਾਨਣਾ ਸੰਭਵ ਨਹੀਂ।

ਪ੍ਰਿਹੋ (365 -270 ਈ. ਪੂ.) ਇਹ ਸੰਦੇਹਵਾਦ ਦੇ ਪ੍ਰਸਿੱਧ ਦਾਰਸ਼ਨਿਕ ਸਨ। ਇਹਨਾਂ ਅਨੁਸਾਰ, "ਵਸਤੂਆਂ ਦਾ ਆਪਣਾ ਸੁਭਾਅ ਕੀ ਹੈ, ਇਹ ਜਾਨਣਾ ਅਸੰਭਵ ਹੈ, ਕੋਈ ਵੀ ਸਿਧਾਂਤ ਪੇਸ਼ ਕੀਤਾ ਜਾਏ, ਓਨੀ ਹੀ ਮਜ਼ਬੂਤ ਜੁਗਤੀ (= ਪ੍ਰਮਾਣ ) ਨਾਲ਼, ਠੀਕ ਉਸਦੇ ਉਲ਼ਟ ਗੱਲ ਕਹੀ ਜਾ ਸਕਦੀ ਹੈ, ਇਸ ਲਈ ਚੰਗਾ ਇਹੋ ਹੈ ਕਿ ਆਪਣਾ ਅੰਤਮ ਬੌਧਿਕ ਨਿਰਣਾ ਹੀ ਨਾ ਦਿੱਤਾ ਜਾਏ, ਜੀਵਨ ਨੂੰ ਇਸੇ ਸਥਿਤੀ ਵਿੱਚ ਰੱਖਣਾ ਠੀਕ ਹੈ।" ਰੱਬ ਬਾਰੇ ਪ੍ਰਿਹੋ ਕਹਿੰਦੇ ਹਨ, "ਜੇ ਉਹ ਸ਼ਿਵ (ਅੱਛਾ) ਹੈ ਤਾਂ ਮਨੁੱਖ ਦੀ ਤਰ੍ਹਾਂ ਆਚਾਰ ਦੀ ਕੱਸਵਟੀ ਦੇ ਅੰਦਰ ਆ ਜਾਂਦਾ ਹੈ ਅਤੇ ਜੇ ਸ਼ਿਵ ਨਹੀਂ ਤਾਂ ਘੋਰ ਹੈ ਅਤੇ ਮਨੁੱਖ ਤੋਂ ਹੇਠਲੀ ਸ਼੍ਰੇਣੀ ਦਾ ਹੈ। ਇਸ ਲਈ ਰੱਬ ਦਾ ਵਿਚਾਰ ਇੱਕ ਦੂਜੇ ਦੀਆਂ ਵਿਰੋਧੀ ਦਲੀਲਾਂ ਨਾਲ਼ ਭਰਿਆ ਹੋਇਆ ਹੈ। ਸਾਡੀ ਬੁੱਧੀ ਉਸਨੂੰ ਗ੍ਰਹਿਣ ਨਹੀਂ ਕਰ ਸਕਦੀ, ਇਸ ਲਈ ਉਸ ਦਾ ਗਿਆਨ ਅਸੰਭਵ ਹੈ।"ਸੰਦੇਹਵਾਦੀ ਦਰਸ਼ਨ ਕਿਸੇ ਰਚਨਾਤਮਕ ਪਹਿਲ ਕਦਮੀ ਦਾ ਰਾਹ ਨਹੀਂ ਖੋਲਦਾ ਸੀ। ਇਸ ਲਈ ਈਸਾਈਅਤ ਨੇ ਇਹਨਾਂ ਕੋਰੇ ਦਾਰਸ਼ਨਿਕਾਂ ਦਾ ਵੀ ਖਾਤਮਾ ਕਰ ਦਿੱਤਾ।"

**ਨਵ-ਅਫਲਾਤੂਨੀ ਦਰਸ਼ਨ—** ਯੂਨਾਨੀ ਦਰਸ਼ਨ ਨੂੰ, ਨਵ-ਅਫ਼ਲਾਤੂਨੀ ਦਰਸ਼ਨ ਦੇ ਰੂਪ ਵਿੱਚ ਬਦਲਨ ਦਾ ਸਿਹਰਾ, ਭਾਰਤੀ ਦਰਸ਼ਨ ਸਿਰ ਹੈ। ਰਾਹੁਲ ਲਿਖਦੇ ਹਨ ਕਿ ਨਿਰਾਸ਼ਾਵਾਦ, ਦੁੱਖਵਾਦ ਉਸ ਥਾਂ ਹੀ ਪੈਦਾ ਹੁੰਦਾ ਹੈ ਜਿੱਥੋਂ ਦਾ ਸਮਾਜ ਉਸ ਦੇ ਨਾਇਕਾਂ ਨੂੰ ਅਸੰਤੁਸ਼ਟ ਕਰ ਦੇਂਦਾ ਹੈ। ਭਾਰਤੀ ਸਮਾਜ ਨੂੰ, ਬਦਲਣ ਵਿੱਚ ਅਸਮਰੱਥਾ ਦੇ ਨਤੀਜੇ ਵਜੋਂ ਸਦੀਆਂ ਬੀਤਦੀਆਂ ਗਈਆਂ ਤੇ ਗੰਦਗੀ ਜਮ੍ਹਾਂ ਹੁੰਦੀ ਗਈ। ਜਦੋਂ ਸਫਾਈ ਕਰਨ ਦੇ ਰਸਤੇ ਬੰਦ ਹੋ ਜਾਣ ਤਾਂ ਨਿਰਾਸ਼ਾਵਾਦ, ਰਹੱਸਵਾਦ ਜ਼ੋਰ ਫੜਦਾ ਹੈ। ਈਸਵੀ ਪੂਰਵ ਪਹਿਲੀ ਸਦੀ ਵਿੱਚ ਰੋਮਨ ਸਾਮਰਾਜ ਦੇ ਦੋ ਵੱਡੇ ਸ਼ਹਿਰ ਸਨ। ਇਸਤੰਬੋਲ (ਕੁਸਤੁਨਤਨੀਆ) ਅਤੇ ਸਿਕੰਦਰੀਆ। ਸਿਕੰਦਰੀਆ ਵਿੱਚ ਇੱਕ ਬੋਧੀ ਮਠ ਵੀ ਸੀ। ਵਪਾਰਕ ਲੈਣ ਦੇਣ ਦੇ ਨਾਲ਼-ਨਾਲ਼, ਵਿਦਿਆ ਦਾ ਵੀ ਆਵਾਗਮਨ ਚਲਦਾ ਸੀ। ਸਿਕੰਦਰੀਆ ਵਿੱਦਿਆ ਦੇ ਖੇਤਰ ਵਿੱਚ ਪੱਛਮ ਦਾ ਨਾਲੰਦਾ ਸੀ। ਯੂਨਾਨ ਦੇ ਪਤਨ ਤੋਂ ਬਾਅਦ, ਨਿਰਾਸ਼ਾ ਦੇ ਦੌਰ ਵਿੱਚ, ਪੂਰਬੀ ਸਾਧੂਆਂ, ਤਪੱਸਵੀਆਂ, ਗ੍ਰਿਹਿਤਿਆਗੀਆਂ ਅਤੇ ਯੋਗੀਆਂ ਨੇ ਧਿਆਨ ਖਿੱਚਿਆ। ਰੋਮਨ ਤੇ ਯੂਨਾਨੀ ਪੜ੍ਹੇ ਲਿਖੇ ਚਿੰਤਕਾਂ ਨੇ ਰੇਗਿਸਤਾਨ ਦਾ ਰਾਹ ਫੜ ਲਿਆ। ਭਾਵੇਂ ਸਿਕੰਦਰੀਆ ਵਿੱਚ ਯਥਾਰਥਵਾਦੀ ਅਰਸਤੂ ਵੀ ਪੜ੍ਹਾਇਆ ਜਾਂਦਾ ਸੀ, ਪਰ ਨਿਰਾਸ਼ਾ 'ਚ ਡੁੱਬੇ ਲੋਕ, ਜਿਹਨਾਂ ਨੂੰ ਸੁਧਾਰ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆ ਰਿਹਾ, ਅਫਲਾਤੂਨ ਦੇ ਵਿਗਿਆਨਵਾਦ ਨੂੰ ਹੀ ਤਰਜੀਹ ਦੇਂਦੇ ਸਨ। ਸਮਾਜ ਦਾ ਆਗੂ ਵਰਗ, ਅਯਾਸ਼ੀ ਵਿੱਚ ਗਲਤਾਨ ਸੀ। ਐਸੀ ਹਾਲਤ ਵਿੱਚ ਸਿਰਫ਼ ਅਫਲਾਤੂਨ ਦਾ ਵਿਗਿਆਨਵਾਦ ਹੀ ਉਹਨਾਂ ਦਾ ਮਸਲਾ ਹੱਲ ਨਹੀਂ ਸੀ ਕਰ ਸਕਦਾ। ਭਾਰਤੀ ਰਹੱਸਵਾਦ, ਨਿਰਾਸ਼ਾਵਾਦ ਅਤੇ ਅਫਲਾਤੂਨੀ ਦਰਸ਼ਨ ਦਾ ਮਿਸ਼ਰਣ ਤਿਆਰ ਹੋ ਗਿਆ ਜਿਸ ਨੂੰ ਨਵ-ਅਫ਼ਲਾਤੂਨੀ ਦਰਸ਼ਨ ਕਿਹਾ ਜਾਂਦਾ ਹੈ। ਇੰਦਰੀਆਂ ਦੁਆਰਾ ਪ੍ਰਤੱਖ ਸਾਰੀ ਦੁਨੀਆਂ ਮਾਇਆ, ਭਰਮ, ਇੰਦਰਜਾਲ ਹੈ, ਵਿਗਿਆਨ (ਮਨ) ਜਗਤ ਹੀ ਸੱਚ ਹੈ। ਸੱਚ ਅਤੇ ਮਾਨਸਿਕ ਸ਼ਾਂਤੀ ਲਈ ਜੀਵਨ ਤੋਂ ਵੱਖ ਹੋਣਾ ਜ਼ਰੂਰੀ ਹੈ।

ਸਿਕੰਦਰੀਆ ਦੇ ਫਿਲੋ ਯਦਿਓ (25 ਈ.ਪੂ.— 50 ਈ ) ਨੇ ਅਫ਼ਲਾਤੂਨ, ਭਾਰਤੀ ਅਤੇ ਯਹੂਦੀ ਦਰਸ਼ਨ ਦਾ ਤਾਲਮੇਲ ਬਿਠਾਇਆ। ਇਸ ਧਾਰਾ ਦੇ ਵਿਦਵਾਨ, ਸਮਾਜਕ ਪ੍ਰਬੰਧ ਦੀ ਗੰਦਗੀ ਨੂੰ ਸਮਝਣ ਦੀ ਜਾਣਕਾਰੀ ਰੱਖਦੇ ਸਨ। ਪਰ ਆਪਣੀਆਂ ਸੁੱਖ-ਸਹੂਲਤਾਂ ਅਤੇ ਹਾਕਮ ਜਮਾਤ ਨਾਲ਼ ਸਬੰਧ ਅਤੇ ਕਾਇਰਪੁਣੇ ਕਰਕੇ, ਉਹ ਢਾਂਚੇ ਨੂੰ ਉਲ਼ਟਾਉਣ ਵਿੱਚ ਯੋਗਦਾਨ ਨਹੀਂ ਪਾ ਸਕਦੇ ਸਨ। ਉਹਨਾਂ ਅਨੁਸਾਰ, ਸਾਰੀਆਂ ਚੀਜ਼ਾਂ ਇੱਕ ਨਾ ਜਾਣ ਸਕਣ ਵਾਲ਼ੇ ਪਰਮ ਤੱਤ, ਅਨਾਦਿ ਵਿਗਿਆਨ ਤੋਂ ਪੈਦਾ ਹੋਈਆਂ ਹਨ। ਪਰਮਾਤਮਾ ਨਾਲ਼ ਉਹਨਾਂ ਦਾ ਸਬੰਧ ਵਸਤੂ ਦੇ ਤੌਰ ਤੇ ਨਹੀਂ, ਸਗੋਂ ਕਲਪਨਾ ਦੇ ਤੌਰ 'ਤੇ ਹੈ। ਇਹ ਕਲਪਨਾ ਕਰਨਾ ਉਸ ਪਰਮ ਤੱਤ ਦੀ ਹੋਂਦ ਦੀ ਪਛਾਣ ਹੈ। ਪਰਮ ਤੱਤ ਦੇ ਕਿਸੇ ਗੁਣ ਨੂੰ ਸਮਝਣ ਲਈ ਸਾਡੇ ਕੋਲ਼ ਕੋਈ ਇੰਦਰੀ ਜਾਂ ਸਾਧਨ ਨਹੀਂ ਹੈ। ਪਰਮ ਤੱਤ ਤੋਂ ਇੱਕ ਆਤਮਾ ਪੈਦਾ ਹੁੰਦੀ ਹੈ ਜਿਸ ਨੂੰ ਰੱਬ ਕਹਿੰਦੇ ਹਨ ਅਤੇ ਜੋ ਸੰਸਾਰ ਦਾ ਰਚਣਹਾਰਾ ਹੈ। ਇਹ ਰੱਬ ਜਾਂ ਦਿੱਬ ਵਿਗਿਆਨ ਲਗਾਤਾਰ ਆਤਮਾਵਾਂ ਨੂੰ ਪ੍ਰਗਟ ਕਰਕੇ ਇਸ ਦੁਨੀਆਂ ਵਿੱਚ ਭੇਜਦਾ ਹੈ, ਜਿਨ੍ਹਾਂ ਨੇ ਆਪਣਾ ਸੰਸਾਰਕ ਫਰਜ਼ ਪੂਰਾ ਕਰ ਲਿਆ, ਉਹਨਾਂ ਨੂੰ ਆਪਣੀ ਗੋਦ ਵਿੱਚ ਵਾਪਸ ਬੁਲਾ ਲੈਂਦਾ ਹੈ। ਅਫ਼ਲਾਤੂਨ ਨੇ ਬੁੱਧੀ ਨੂੰ ਪ੍ਰਯੋਗ ਜਾਂ ਅਨੁਭਵ ਤੋਂ ਉੱਪਰ ਮੰਨਿਆ, ਪਰ ਨਵ-ਅਫ਼ਲਾਤੂਨੀ ਸਮਾਧੀ ਨੂੰ ਬੁੱਧੀ ਤੋਂ ਉੱਪਰ ਮੰਨਦੇ ਹਨ।

ਪਲੋਟੀਨਸ ਕਹਿੰਦੇ ਹਨ ਕਿ ਉਸ ਸਰਵ ਮਹਾਨ ਪਰਮ ਤੱਤ ਨੂੰ ਬੁੱਧੀ ਦੇ ਚਿੰਤਨ ਨਾਲ਼ ਨਹੀਂ ਸਗੋਂ ਅਚਿੰਤਨ ਨਾਲ਼, ਬੁੱਧੀ ਤੋਂ ਪਰੇ ਜਾ ਕੇ ਪਾਇਆ ਜਾ ਸਕਦਾ ਹੈ। ਇਸ ਸਿਧਾਂਤ ਨੇ ਸੰਤ ਆਗਸਤਿਨ (354-430 ਈ) 'ਤੇ ਬਹੁਤ ਅਸਰ ਪਾਇਆ। ਜਿਸ ਨਾਲ਼ ਈਸਾਈ ਧਰਮ 'ਤੇ ਨਵ-ਅਫ਼ਲਾਤੂਨੀ ਦਰਸ਼ਨ ਦਾ ਕਾਫ਼ੀ ਪ੍ਰਭਾਵ ਪਿਆ। ਵਿਚਾਰਵਾਦੀ ਦਰਸ਼ਨ ਅਤੇ ਧਰਮ, ਇੱਕ-ਦੂਜੇ ਦੇ ਪੂਰਕ ਬਣ ਕੇ, ਹਾਕਮ ਜਮਾਤਾਂ ਦੀ ਸੇਵਾ ਕਰਦੇ ਰਹੇ। ਈਸਾਈ ਧਰਮ ਦਵਾਰਾ ਦਰਸ਼ਨ ਦੀਆਂ ਕਿਤਾਬਾਂ ਅਤੇ ਲਾਇਬ੍ਰੇਰੀਆਂ ਸਾੜਨ ਦਾ ਇਤਿਹਾਸ, ਇੱਕ ਵੱਖਰਾ ਵਿਸ਼ਾ ਹੈ ਜੋ ਹਾਕਮ ਜਮਾਤਾਂ, ਧਰਮ ਅਧਿਕਾਰੀਆਂ ਅਤੇ ਵਿਚਾਰਵਾਦੀ ਦਰਸ਼ਨ ਦੇ ਗੱਠਜੋੜ ਕਰਕੇ ਹੁੰਦਾ ਰਿਹਾ। ਜਦੋਂ ਧਰਮ ਸਿਰਫ਼ ਵਿਸ਼ਵਾਸ਼ ਅਤੇ ਉਪਦੇਸ਼ ਦੇ ਸਹਾਰੇ ਮੁਸ਼ਕਲਾਂ ਵਿੱਚ ਘਿਰਦਾ ਹੈ ਤਾਂ ਵਿਚਾਰਵਾਦੀ ਦਰਸ਼ਨ ਬੁੱਧੀ ਦਵਾਰਾ ਉਸ ਦੀ ਸਹਾਇਤਾ ਲਈ ਆ ਹਾਜ਼ਰ ਹੁੰਦਾ ਹੈ।

ਇਸ ਤੋਂ ਬਿਨਾਂ ਪ੍ਰਸਿੱਧ ਵਿਦਵਾਨਾਂ ਵਿੱਚ ਰੋਮ ਦੇ ਸਿਸਿਰੋ (106-43 ਈ.ਪੂ.) ਅਤੇ ਲੁਕਰੇਸ਼ੀਆ (98-55 ਈ.ਪੂ.) ਦੇ ਨਾਂ ਆਉਂਦੇ ਹਨ। ਸਿਸਿਰੋ ਨੇ ਯੂਨਾਨੀ ਦਰਸ਼ਨ ਨੂੰ ਜਿੰਦਾ ਰੱਖਣ ਦਾ ਯਤਨ ਕੀਤਾ। ਲੁਕਰੇਸ਼ੀਆ ਨੇ ਡੈਮੋਕਰਾਈਟਸ ਦੇ ਪ੍ਰਮਾਣੂਵਾਦ ਨੂੰ ਸਾਡੇ ਤੱਕ ਪਹੁੰਚਾਉਣ ਵਿੱਚ ਸਹਾਇਤਾ ਕੀਤੀ।

ਅਸੀਂ ਵੇਖਦੇ ਹਾਂ, ਦਰਸ਼ਨ ਦੇ ਇਤਿਹਾਸ ਵਿੱਚ ਵਿਚਾਰਵਾਦੀ ਦਰਸ਼ਨ ਅਤੇ ਉਸ ਦੇ ਪ੍ਰਤੀਪੱਖ ਦੇ ਤੌਰ 'ਤੇ ਪਦਾਰਥਵਾਦੀ ਦਰਸ਼ਨ, ਕਿਸੇ ਨਾ ਕਿਸੇ ਰੂਪ ਵਿੱਚ, ਟੱਕਰ ਵਿੱਚ ਰਹੇ ਹਨ। ਇਹਨਾਂ ਦਾ ਸੰਘਰਸ਼, ਵੱਖ-ਵੱਖ ਦੌਰਾਂ ਵਿੱਚ, ਉਸ ਦੌਰ ਦੀਆਂ ਬਾਹਰਮੁਖੀ ਹਾਲਤਾਂ ਮੁਤਾਬਕ ਵੱਖ-ਵੱਖ ਰੂਪਾਂ ਵਿੱਚ ਸਾਹਮਣੇ ਆਉਂਦਾ ਹੈ। ਯੂਨਾਨੀ ਦਰਸ਼ਨ ਦੇ ਪਹਿਲੇ ਦਾਰਸ਼ਨਿਕ ਅਨੁਭਵ ਜਾਂ ਪ੍ਰਯੋਗ ਨੂੰ ਮੁੱਖ ਮੰਨਦੇ ਸਨ। ਅਗਲੇ ਦੌਰ ਵਿੱਚ ਬੁੱਧੀਵਾਦੀ ਦਾਰਸ਼ਨਿਕ ਆਉਂਦੇ ਹਨ ਜੋ ਬੁੱਧੀ ਨੂੰ ਵੱਧ ਮਹੱਤਵ ਦਿੰਦੇ ਸਨ। ਉਹਨਾਂ ਮੁਤਾਬਕ ਇੰਦਰੀਆਂ ਗਲਤ ਸੂਚਨਾ ਦੇ ਸਕਦੀਆਂ ਹਨ, ਇਸ ਲਈ ਅਨੁਭਵ 'ਤੇ ਨਹੀਂ, ਬੁੱਧੀ 'ਤੇ ਭਰੋਸਾ ਕਰਨਾ ਚਾਹੀਦਾ ਹੈ। ਪਰ ਨਵ-ਅਫ਼ਲਾਤੂਨੀ ਦੌਰ ਵਿੱਚ ਅਨੁਭਵ ਅਤੇ ਬੁੱਧੀ, ਦੋਹਾਂ ਤੋਂ ਮੁਨਕਰ ਹੋਣਾ ਪੈ ਰਿਹਾ ਹੈ। ਪਤਨਸ਼ੀਲ ਸਮਾਜਕ ਢਾਂਚੇ ਦਾ ਸੇਵਾਦਾਰ, ਵਿਚਾਰਵਾਦੀ ਦਰਸ਼ਨ, ਅਨੁਭਵ ਅਤੇ ਬੁੱਧੀ ਦੋਹਾਂ ਤੋਂ ਡਰਦਾ ਹੈ। ਜਗੀਰੂ ਪ੍ਰਬੰਧ ਪੂਰਨ ਸਮਰਪਣ ਦੀ ਮੰਗ ਕਰਦਾ ਹੈ, ਭਗਤੀ ਦੀ ਮੰਗ ਕਰਦਾ ਹੈ, ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ। ਦੂਜੇ ਪਾਸੇ ਜਗੀਰੂ ਦੌਰ ਦੇ ਗਿਲਡ ਮਾਸਟਰ ਦੀ ਲੁੱਟ ਵੀ, ਕਾਰੀਗਰਾਂ ਦੀ ਪੂਰਨ ਅਧੀਨਗੀ ਨਾਲ਼ ਸੰਭਵ ਹੁੰਦੀ ਹੈ। ਇਸ ਲਈ ਨਵ-ਅਫ਼ਲਾਤੂਨੀ ਦਰਸ਼ਨ, ਬੌਧਿਕ ਖੇਤਰ ਵਿੱਚ ਹਾਕਮ ਜਮਾਤਾਂ ਦਾ ਹਰਮਨ ਪਿਆਰਾ ਦਰਸ਼ਨ ਬਣ ਜਾਂਦਾ ਹੈ। ਅਨੁਭਵ ਅਤੇ ਬੁੱਧੀ ਤੋਂ ਪਰੇ, ਅਚਿੰਤਨ ਜਾਂ ਸਮਾਧੀ ਨਾਲ਼ ਸੱਚ ਨੂੰ ਪਾਇਆ ਜਾ ਸਕਦਾ ਹੈ। ਬਾਅਦ ਦੇ ਦੌਰ ਦੇ ਸਾਰੇ ਵਿਚਾਰਵਾਦੀ ਦਰਸ਼ਨ, ਕਿਸੇ ਨਾ ਕਿਸੇ ਰੂਪ ਵਿੱਚ ਨਵ-ਅਫ਼ਲਾਤੂਨੀ ਦਰਸ਼ਨ ਦੇ ਹੀ, ਨਵੇਂ ਸੰਸਕਰਣ ਬਣਦੇ ਰਹੇ ਹਨ। •